# ਤੂ ਹੀ ਵਸਹਿ ਸਾਧ ਕੈ ਸੰਗਾ

## ਬਿਲਾਵਲੁ ਮਹਲਾ ੫ ॥

ਇਹ ਸ਼ਬਦ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਬਿਲਾਵਲ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ ਅਤੇ ਪੰਨਾ ੮੨੪ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਹਰੀ ਪ੍ਰਭੂ ਦੀ ਸਿਫ਼ਤ ਸਲਾਹ ਕੀਤੀ ਗਈ ਹੈ ਕਿ ਉਹ ਸਰਬ ਸ਼ਕਤੀਮਾਨ, ਅੰਤਰਜਾਮੀ ਹੈ। ਉਹ ਹਮੇਸ਼ਾਂ ਆਪਣੇ ਸਾਧੂ ਦੇ ਨਾਲ ਰਹਿੰਦਾ ਹੈ, ਉਸ ਦੀ ਪੈਜ ਰਖਦਾ ਹੈ। ਇਕ ਖਿੰਨ ਵਿਚ ਨੀਚ ਤੋਂ ਊਚ ਕਰ ਦਿੰਦਾ ਹੈ। ਉਸ ਦੇ ਅਜਿਹੇ ਰੰਗ ਦੇਖ ਕੇ ਭਗਤ ਦੇ ਮਨ ਨੂੰ, ਹੋਰ ਭਗਤੀ ਕਰਨ ਲਈ, ਧੀਰਜ ਮਿਲਦਾ ਹੈ। ਅਜਿਹੇ ਪ੍ਰਭੂ ਤੋਂ ਹਰ ਵਕਤ ਲਈ ਉਸ ਦਾ ਨਾਮ ਜਪਣ ਦਾ ਦਾਨ ਲੈਣ ਲਈ ਜਾਚਨਾ ਕੀਤੀ ਗਈ ਹੈ।

## ਧੀਰਉ ਦੇਖਿ ਤੁਮ੍ਹਾਰੇ ਰੰਗਾ ॥

-- ਸ੍ਰੀ ਗੁਰੂ ਅਰਜਨ ਦੇਵ ਸਾਹਿਬ ਪ੍ਰਭੂ ਦੀ ਸਿਫ਼ਤ ਸਲਾਹ ਕਰਦੇ ਹਨ ਅਤੇ ਬਚਨ ਕਰਦੇ ਹਨ 'ਹੇ ਪ੍ਰਭੂ ! ਮੈਨੂੰ ਤੇਰੇ ਰੰਗ, ਚੋਜ ਦੇਖ ਕੇ ਧੀਰਜ ਆਉਂਦਾ ਹੈ'।

ਪ੍ਰਭੂ ਦੇ ਚੋਜ, ਬਿਰਦ ਦੇਖ ਕੇ ਭਗਤ ਦੇ ਮਨ ਨੂੰ ਧੀਰਜ ਆ ਜਾਂਦਾ ਹੈ ਕਿ ਪ੍ਰਭੂ ਸਦਾ ਹੀ ਭਗਤਾਂ ਦੀ ਰਖਦਾ ਆਇਆ ਹੈ। ਵੇਖਿਆ ਹੈ, ਪ੍ਰਭੂ ਨੂੰ ਭਗਤ ਨਾਮਦੇਵ ਦੀ ਪੈਜ ਰਖਣ ਲਈ ਦੇਹੁਰੇ ਦਾ ਘੁਮਾਣਾ, ਪੰਡਿਆਂ ਨੂੰ ਪਿਠ ਦਿਖਾਉਣੀ - 'ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।।', ਪੰਨਾ ੧੨੯੨. ਵੇਖਿਆ ਪ੍ਰਭੂ ਦਾ ਗਰੁੜ ਤੇ ਸਵਾਰ ਹੋ ਕੇ, ਭਗਤ ਨਾਮਦੇਵ ਜੀ ਨੂੰ ਪੁਛਣਾ, '**ਕਹੇਂ ਤਾਂ ਧਰਤੀ ਟੇਢੀ ਕਰ ਦਈਏ, ਕਹੇਂ ਤਾਂ ਇਸ ਨੂੰ ਚੁਕ ਕੇ ਉਸ ਉਤੇ ਧਰ ਦਈਏ, ਕਹੇਂ ਤਾਂ ਮੁਈ ਗਾਂ ਜਿਵਾ ਦਈਏ**।' ਭਗਤ ਦੇ ਕਹਿਣ ਤੇ ਗਊ ਜੀਊਂਦੀ ਕਰ ਦਿਤੀ - 'ਅਪਨੇ ਭਗਤ ਪਰਿ ਕੀ ਪ੍ਰਤਿਪਾਲ।। ਗਰੁੜ ਚੜ੍ਹੇ ਆਏ ਗੋਪਾਲ।। ਕਹਹਿ ਤ ਧਰਣਿ ਇਕੋਡੀ ਕਰਉ।। ਕਹਹਿ ਤ ਲੇ ਕਰਿ ਊਪਰਿ ਧਰਉ।। ਕਹਹਿ ਤ ਮੁਈ ਗਊ ਦੇਉ ਜੀਆਇ।। ਸਭੁ ਕੋਈ ਦੇਖੈ ਪਤੀਆਇ।।', ਪੰਨਾ ੧੧੬੬. ਗਊ ਚੋਅ ਕੇ ਜਦੋਂ ਦੁਧ ਦੀ ਮਟਕੀ ਬਾਦਸ਼ਾਹ ਦੇ ਪੇਸ਼ ਕੀਤੀ ਗਈ ਤਾਂ ਸੁਲਤਾਨ/ਬਾਦਸ਼ਾਹ ਭਗਤ ਜੀ ਦੇ ਚਰਣਾਂ ਤੇ '**ਹੇ ਹਿੰਦੂ ! ਮੈਨੂੰ ਬਖ਼ਸ਼, ਮੈਂ ਤੇਰੀ ਗਾਂ ਹਾਂ**' - 'ਦੂਧਹਿ

ਦੁਹਿ ਜਬ ਮਟੁਕੀ ਭਰੀ।। ਲੇ ਬਾਦਿਸਾਹ ਕੇ ਆਗੇ ਧਰੀ।।..ਬਖਸੀ ਹਿੰਦੂ ਮੈ ਤੇਰੀ ਗਾਇ।।' ਇਸੇ ਤਰ੍ਹਾਂ, ਭਗਤ ਕਬੀਰ ਜੀ ਨੂੰ ਸੰਗਲਾਂ ਵਿਚ ਬੰਨ੍ਹ ਕੇ ਗੰਗਾ ਵਿਚ ਸੁਟਦਾ ਵੇਖਿਆ, ਭਗਤ ਜੀ ਦੀਆਂ ਸੰਗਲਾਂ ਨੂੰ ਭਗਤ ਜੀ ਲਈ ਬੇੜੀ ਬਣਦਿਆਂ ਵੇਖਿਆ - 'ਗੰਗ ਗੁਸਾਇਨਿ ਗਹਿਰ ਗੰਭੀਰ।। ਜੰਜੀਰ ਬਾਂਧਿ ਕਰਿ ਖਰੇ ਕਬੀਰ।।..ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ।। ਮ੍ਰਿਗਛਾਲਾ ਪਰ ਬੈਠੇ ਕਬੀਰ।।', ਪੰਨਾ ੧੧੬੨.

ਭਗਤ ਨਾਮਦੇਵ, ਕਬੀਰ, ਰਵਿਦਾਸ, ਸੈਣ ਜੀਓ ਦੀ ਭਗਤੀ ਦੀ ਪ੍ਰਤਿਪਾਲਣਾ ਹੁੰਦੀ ਵੇਖ ਕੇ ਜਟ ਧੰਨਾ ਨੂੰ ਵੀ ਚਾਅ ਆ ਗਿਆ ਤੇ ਉਹ ਵੀ ਭਗਤੀ ਤੇ ਲਗ ਪਿਆ। ਉਸ ਦੇ ਭਾਗ ਖੁਲ ਗਏ ਜਦੋਂ ਸਾਧੂ ਸੰਗਤਿ ਦੀ ਕਿਰਪਾ ਨਾਲ ਉਸ ਨੂੰ ਪ੍ਰਭੂ ਦੇ ਪ੍ਰਤਖ ਦਰਸ਼ਨ ਹੋ ਗਏ - '...ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।। ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।।', ਪੰਨਾ ੪੮੮ ਅਤੇ - 'ਧੰਨੈ ਧਨੁ ਪਾਇਆ ਧਰਣੀਧਰੁ **ਮਿਲਿ ਜਨ ਸੰਤ ਸਮਾਨਿਆ**।।', ਪੰਨਾ ੪੮੭. ਇਤਨਾ ਹੀ ਨਹੀਂ, ਹੇ ਸੁਆਮੀ, ਪਰਮ ਪੁਰਖ, ਪੂਜਯਾਂ ਦੇ ਪੂਜਯ ! ਤੇਰੇ ਰੰਗ ਵੇਖੇ, ਜਦੋਂ ਤੈਨੂੰ ਆਪਣੇ ਭਗਤ ਦੀ ਖਾਤਰ, ਭਿਆਨਕ ਨਰਸਿੰਘ ਦਾ ਰੂਪ ਧਾਰਨ ਤੋਂ ਵੀ ਗੁਰੇਜ਼ ਨਾ ਹੋਇਆ - 'ਓਇ ਪਰਮ ਪੁਰਖ ਦੇਵਾਧਿ ਦੇਵ।। ਭਗਤਿ ਹੇਤਿ ਨਰਸਿੰਘ ਭੇਵ।। ਕਹਿ ਕਬੀਰ ਕੋ ਲਖੈ ਨ ਪਾਰ।। ਪ੍ਰਹਲਾਦ ਉਧਾਰੇ ਅਨਿਕ ਬਾਰ।।', ਪੰਨਾ ੧੧੯੪. ਹੇ ਪ੍ਰਭੂ ! ਤੂੰ ਆਪਣੇ ਭਗਤ ਸੈਣ ਦੀ ਖਾਤਰ, ਸੈਣ ਦਾ ਰੂਪ ਧਾਰ ਕੇ ਰਾਜੇ ਦੀ ਖਾਤਰਦਾਰੀ/ਚਾਕਰੀ ਕਰਨੀ ਵੀ ਸਵੀਕਾਰ ਕੀਤੀ, ਕਿਉਂਕਿ ਸਾਰੀ ਰਾਤ, ਸੰਤ ਸੰਗਤਿ ਅਤੇ ਬੰਦਗੀ ਵਿਚ ਮਸਤ ਸੈਣ ਭਗਤ ਰਾਜੇ ਦੀ ਚਾਕਰੀ ਤੇ ਜਾਣਾ ਭੁਲ ਗਿਆ - 'ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।। ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।। ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।।' ਭਾਈ ਗੁਰਦਾਸ ੧੦:੧੬. ਇਥੋਂ ਤਕ ਕਿ ਹਾਥੀ ਦੇ ਮਨ ਤੋਂ ਨਿਕਲੀ ਪੁਕਾਰ ਸੁਣ ਕੇ, ਉਸ ਦੀ ਜਾਨ ਬਚਾਉਣ ਅਤੇ ਉਧਾਰ ਕਰਣ ਹਿਤ, ਭਗਵਾਨ ਜੀ ਹਥ ਤੇ ਚੱਕਰ ਧਾਰ ਕੇ ਬੈਕੁੰਠ ਲੋਕ ਤੋਂ ਆਣ ਪਹੁੰਚੇ ਅਤੇ ਦੁਹਸ਼ਾਸਨ ਦੀ ਰਾਜ ਸਭਾ ਵਿਚ ਦ੍ਰੋਪਦੀ ਦੀ ਪੁਕਾਰ ਸੁਣ ਕੇ ਉਸ ਦੇ ਬਸਤਰ ਹੀ ਨਾ ਮੁਕਣ ਦਿਤੇ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।। ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।।', ਪੰਨਾ ੯੮੮. ਹੇ

ਪੂਜਯ ਸੁਆਮੀ ਜੀ ! ਮੇਰੇ ਮਨ ਨੂੰ ਧੀਰਜ ਆਉਂਦਾ ਹੈ ਕਿ ਤੂੰ ਤਾਂ ਉਹ ਪਥਰ ਵੀ ਤਾਰ ਦਿਤੇ ਜਿਨ੍ਹਾਂ ਤੇ ਤੇਰਾ ਨਾਮ 'ਰਾਮ' ਲਿਖਿਆ ਸੀ ਤੇ ਫ਼ਿਰ ਤੇਰਾ ਨਾਮ 'ਰਾਮ' ਵਾਹਗੁਰੂ ਜਪਣ ਵਾਲੇ ਕਿਉਂ ਨਾ ਤਰਨਗੇ - 'ਦੇਵਾ ਪਾਹਨ ਤਾਰੀਅਲੇ।। ਰਾਮ ਕਹਤ ਜਨ ਕਸ ਨ ਤਰੇ।।' ਪਾਤਸ਼ਾਹ ਸਾਖੀ ਭਰਦੇ ਹਨ ਕਿ ਤੂੰ ਅਜਾਮਲ, ਬਾਲਮੀਕ, ਧ੍ਰੂ, ਗਨਿਕਾ, ਗਜਿੰਦ੍ਰ, ਸੁਦਾਮਾ, ਬਧਿਕ, ਕੁਬਿਜਾ, ਪ੍ਰਹਿਲਾਦ, ਦ੍ਰੋਪਦੀ, ਧੰਨਾ, ਤ੍ਰਿਲੋਚਨ, ਬੇਣੀ, ਜੈਦੇਵ, ਸੈਣ, ਕਬੀਰ, ਨਾਮਦੇਵ, ਰਵਿਦਾਸ ਆਦਿ ਭਗਤ, ਸਭ ਤਾਰ ਦਿਤੇ ਜਿਨ੍ਹਾਂ ਨੇ ਨਾਮ ਜਪਿਆ/ਸਾਧੂ ਸੰਗ ਕੀਤਾ/ਗੁਰ-ਜੋਤਿ ਦੀ ਸੰਗਤਿ ਵਿਚ ਆਏ - 'ਸੁਣਿ ਸਾਖੀ ਮਨ ਜਪਿ ਪਿਆਰ।। ਅਜਾਮਲੁ ਉਧਰਿਆ ਕਹਿ ਏਕ ਬਾਰ।।.............।।',ਪੰਨਾ ੧੧੯੨. ਹੋਰ ਕ੍ਰੋੜਾਂ, ਅਨੇਕਾਂ ਵੀ ਤਾਰੇ, ਹਰ ਜੁਗ ਵਿਚ ਭਗਤ ਪੈਦਾ ਕੀਤੇ ਤੇ ਉਨ੍ਹਾਂ ਦੀ ਪੈਜ ਰਖਦਾ ਆਇਆ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ।।', ਪੰਨਾ ੪੫੧.

ਭਗਤ ਕਬੀਰ ਜੀ ਦੇ ਮਨ ਨੂੰ ਧੀਰਜ ਆਇਆ ਜਦੋਂ ਦੇਖਿਆ ਕਿ ਉਸ ਸਮਰੱਥ ਦਾਤੇ ਨੇ ਭਗਤ ਜੈਦੇਵ ਜੀ, ਨਾਮਦੇਵ ਜੀ ਅਤੇ ਬ੍ਰਾਹਮਣ ਸੁਦਾਮੇ ਤੇ ਬੇਅੰਤ ਬਖ਼ਸ਼ਿਸ਼ ਕੀਤੀ ਅਤੇ ਦੇਣ ਲਗਿਆਂ ਨੇ ਚਾਰੇ ਦੇ ਚਾਰੇ ਪਦਾਰਥ ਵੀ ਬਿਨਾਂ ਢਿਲ ਲਗਾਏ ਸੌਂਪ ਦਿਤੇ - 'ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ।। ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ।।', ੮੫੬.

ਹੇ ਪ੍ਰਭੂ ਜੀਓ ! ਤੇਰੇ ਇਹ ਸਭ ਰੰਗ ਵੇਖ ਕੇ ਮੇਰੇ ਮਨ ਨੂੰ ਧੀਰਜ ਆਉਂਦਾ ਹੈ ਕਿ ਨਾਮ ਜਪਣ/ਸਾਧੂ ਸੰਗ ਕਰਣ ਨਾਲ ਮੇਰਾ ਵੀ ਉਧਾਰ ਹੋ ਜਾਏਗਾ।

**ਤੁਹੀ ਸੁਆਮੀ ਅੰਤਰਜਾਮੀ ਤੂ ਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥**

-- ਹੇ ਪ੍ਰਭੂ ! ਤੂੰ ਹੀ ਮਾਲਕ ਹੈਂ, ਅੰਤਰਜਾਮੀ ਵੀ ਹੈਂ, ਤੂੰ ਹੀ ਹਮੇਸ਼ਾਂ ਆਪਣੇ ਸੰਤ ਸਾਧੂ ਭਗਤ ਦੇ ਨਾਲ ਹੀ ਵਸਦਾ ਹੈਂ।੧।ਰਹਾਉ।

ਇਹ 'ਰਹਾਉ' ਦੀ ਪੰਕਤੀ ਹੋਣ ਕਰ ਕੇ ਸ਼ਬਦ ਦਾ ਤਤਸਾਰ ਹੈ। ਇਸ ਵਿਚ ਮਾਲਕ ਪ੍ਰਭੂ ਦੀ ਸਿਫ਼ਤ ਸਲਾਹ ਕਰ ਕੇ ਦਸਿਆ ਹੈ ਕਿ ਉਹ ਹਮੇਸ਼ਾਂ ਆਪਣੇ ਭਗਤ, ਸਾਧੂ ਦੇ ਸੰਗ ਵਸਦਾ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਵੀ ਇਹ ਤਥ ਫ਼ੁਰਮਾਇਆ ਹੈ ਕਿ ਹਰੀ ਦੇ ਜਨ, ਹਰੀ ਦੇ ਸਾਧੂ, ਹਰੀ ਪ੍ਰਭੂ ਦੇ ਭਗਤ

ਹਰੀ ਦੇ ਨਿਕਟ, ਨਿਕਟ ਹੀ ਵਸਦੇ ਹਨ ਅਤੇ ਹਰੀ, ਪ੍ਰਭੂ ਉਨ੍ਹਾਂ ਦੇ ਨਿਕਟ ਵਸਦਾ ਹੈ। ਉਹ ਹਰੀ ਦੇ ਜਨ, ਹਰੀ ਨਾਲ ਇਉਂ ਰਲੇ ਮਿਲੇ ਹੁੰਦੇ ਹਨ ਜਿਵੇਂ ਪਾਣੀ ਨਾਲ ਪਾਣੀ ਰਲਿਆ ਮਿਲਿਆ ਹੁੰਦਾ ਹੈ - 'ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ।। ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤ।।', ਪੰਨਾ ੧੨੦੦. 'ਨਿਕਟ' ਸ਼ਬਦ ਦੀ ਵਾਰ ਵਾਰ ਵਰਤੋਂ ਦਾ ਭਾਵ, ਉਨ੍ਹਾਂ ਦੇ ਨਿਕਟ ਵਸਣ ਨੂੰ ਜ਼ੋਰ ਦੇ ਕੇ ਦਸਣਾ ਹੈ। '**ਜਨ**', '**ਸਾਧੂ**' ਅਤੇ '**ਭਗਾਤ**', ਭਾਵ, ਭਗਤ, ਤਿੰਨੋਂ ਸ਼ਬਦਾਂ ਦਾ ਇਕਠਾ ਵਰਤਣਾ, ਇਸ ਗਲ ਨੂੰ ਸਪਸ਼ਟ ਕਰਦਾ ਹੈ ਕਿ ਇਹ ਉਨ੍ਹਾਂ **ਮਨੁਖਾਂ ਵਲ ਇਸ਼ਾਰਾ ਹੈ ਜੋ ਮਨੁਖਾ ਜਨਮ ਲੈ ਕੇ, ਦੇਹੀਨੁਮਾ ਹੋ ਕੇ ਆਉਂਦੇ ਹਨ, ਪ੍ਰੇਮਾਭਗਤੀ ਕਾਰਣ ਪ੍ਰਭੂ ਨੂੰ ਭਾਅ ਜਾਂਦੇ ਹਨ ਅਤੇ ਸੰਤ ਪਦਵੀ ਨੂੰ ਪ੍ਰਾਪਤ ਹੁੰਦੇ ਹਨ** - 'ਸੋਈ ਸੰਤੁ ਜਿ ਭਾਵੈ ਰਾਮ।।', ਪੰਨਾ ੮੬੭. ਸ੍ਰੀ ਗੁਰੂ ਰਾਮਦਾਸ ਸਾਹਿਬ ਭਗਤ ਦੀ ਪਰਿਭਾਸ਼ਾ ਵੀ ਦਸਦੇ ਹਨ ਕਿ **ਜਿਨ੍ਹਾਂ ਦੇ ਹਿਰਦੇ ਵਿਚ, ਹੇ ਸੁਆਮੀ ! ਤੂੰ ਵਸਦਾ ਹੈਂ ਅਤੇ ਉਹ ਜੋ ਸੁਖ-ਫ਼ਲ ਪ੍ਰਾਪਤ ਹਨ ਅਤੇ ਭਵਜਲ ਸਾਗਰ ਪਾਰ ਕਰ ਚੁਕੇ ਹਨ, ਉਹ ਹਰੀ ਦੇ ਭਗਤ ਜਾਣੇ ਜਾਂਦੇ ਹਨ** - '**ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ ਤੇ ਤਰੇ ਭਵ ਸਿੰਧੁ ਤੇ ਭਗਤ ਹਰਿ ਜਾਨ।।**', ਪੰਨਾ ੧੨੯੮. ਫ਼ਿਰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਪ੍ਰਭੂ ਅਜਿਹੇ ਆਪਣੇ ਸੇਵਕਾਂ ਨੂੰ ਪ੍ਰੇਮ ਕਰਦਾ ਹੈ, ਉਨ੍ਹਾਂ ਦੇ ਨਾਲ ਹੀ ਓਤ-ਪੋਤ ਹੁੰਦਾ ਹੈ, ਭਗਤਾਂ ਨਾਲ ਜੁੜਿਆ ਰਹਿੰਦਾ ਹੈ - 'ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ।।', ਪੰਨਾ ੨੦੮. ਸਪੱਸ਼ਟ ਬਚਨ ਹਨ, ਕਰਤਾ ਆਪਣੀ ਪੁਰੀ ਵਿਚ ਸੰਤਾਂ, ਭਗਤਾਂ ਦੇ ਨਾਲ ਹੀ ਨਿਵਾਸ ਕਰਦਾ ਹੈ - 'ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ।।', ਪੰਨਾ ੮੧੬.

**ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥੧॥**

-- ਹੇ ਪ੍ਰਭੂ ! ਤੂੰ ਬਿਨਾਂ ਦੇਰ ਲਗਾਏ, ਆਪਣੇ ਭਗਤ ਨੂੰ ਥਾਪਣਾ ਦੇ ਕੇ ਆਦਰ ਬਖ਼ਸ਼ ਦਿੰਦਾ ਹੈਂ। ਕਿਸੇ ਨੀਚ ਅਖਵਾਏ ਜਾਂਦੇ ਭਗਤ ਨੂੰ ਵੀ ਰਾਜਾ ਬਣਾ ਦਿੰਦਾ ਹੈਂ।੧।

ਸ੍ਰੀ ਗੁਰੂ ਨਾਨਕ ਸਾਹਿਬ ਪ੍ਰਭੂ ਦੀ ਵਡਿਆਈ ਕਰਦੇ ਹੋਏ ਬਚਨ ਕਰਦੇ ਹਨ

ਕਿ ਉਹ ਸਰਬ ਸ਼ਕਤੀਮਾਨ ਹੈ, ਜਿਵੇਂ ਉਸ ਨੂੰ ਭਾਉਂਦਾ ਹੈ, ਤਿਵੇਂ ਕਰਦਾ ਹੈ। ਕੀੜੇ ਨੂੰ ਵੀ ਰਾਜ ਦੇ ਦਿੰਦਾ ਹੈ ਅਤੇ ਬਾਦਸ਼ਾਹਾਂ ਦੀਆਂ ਵਡੀਆਂ ਤੋਂ ਵਡੀਆਂ ਫ਼ੌਜਾਂ ਨੂੰ ਵੀ ਸੁਆਹ ਕਰ ਦਿੰਦਾ ਹੈ - 'ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।।', ਪੰਨਾ ੧੪੪. ਭਗਤ ਨਾਮਦੇਵ ਜੀ ਅਗੇ ਵਕਤ ਦੇ ਰਾਜੇ ਨੂੰ ਵੀ ਝੁਕਣਾ ਪਿਆ। ਹਰਨਾਖਸ਼, ਜਿਸ ਦੀ ਇਕ ਅਨੁਮਾਨ ਅਨੁਸਾਰ, ੧੦ ਪਦਮ ਜਾਣੀ ਜਾਂਦੀ ਫ਼ੌਜ ਦੇ ਹੁੰਦਿਆਂ ਵੀ ਇਕ ੫ ਸਾਲ ਦੇ ਬਾਲਕ, ਜੋ ਭਗਤ ਜਾਣਿਆ ਗਿਆ, ਦੇ ਅਗੇ ਨਾ ਝੁਕਿਆ ਤਾਂ ਉਸ ਦਾ ਨਾਸ ਹੋ ਗਿਆ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਹੋਰ ਥਾਈਂ ਵੀ ਅਜਿਹੇ ਹੀ ਬਚਨ ਹਨ - 'ਖਿਨ ਮਹਿ ਥਾਪਿ ਉਥਾਪਨਹਾਰਾ।।', ਪੰਨਾ ੧੦੮. ਹੋਰ ਬਚਨ ਹਨ ਕਿ ਪ੍ਰਭੂ ਦੀ ਭਗਤੀ ਕਦੇ ਵਿਅਰਥ ਨਹੀਂ ਜਾਂਦੀ। ਉਹ ਆਪਣੇ ਭਗਤਾਂ ਦੇ ਮਸਤਕ ਤੇ ਹਥ ਰਖ ਕੇ, ਵਡਿਆਈ ਬਖ਼ਸ਼ ਦਿੰਦਾ ਹੈ, ਨਾਮ ਦਾਨ ਦੇ ਦਿੰਦਾ ਹੈ, ਆਪ ਹੀ ਭਗਤਾਂ ਦੀ ਆਨ ਦੀ ਰਾਖੀ ਕਰਦਾ ਹੈ, ਭਗਤ ਜਨ ਜੋ ਵੀ ਚਿਤਵਦੇ ਹਨ ਉਹ ਮੰਨ ਲੈਂਦਾ ਹੈ - 'ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ।। ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ।। ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ।। ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।।', ਪੰਨਾ ੮੧੭.

ਭਗਤ ਰਵਿਦਾਸ ਨੇ ਬੜੇ ਸੁੰਦਰ ਸ਼ਬਦਾਂ ਦੇ ਵਿਚ ਦਸਿਆ ਹੈ ਕਿ ਪ੍ਰਭੂ ਸਦਾ ਆਪਣੇ ਭਗਤਾਂ ਦੇ ਸੰਗਿ ਵਸਦਾ ਅਤੇ ਉਨ੍ਹਾਂ ਨੂੰ ਵਡਿਆਈ ਬਖ਼ਸ਼ਦਾ ਆਇਆ ਹੈ। ਪ੍ਰਭੂ, ਨੀਚ ਤੋਂ ਊਚ ਕਰਨ ਦੇ ਸਮਰਥ ਹੈ ਅਤੇ ਇਸ ਕੰਮ ਲਈ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ। ਆਪਣੇ ਭਗਤ ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ ਅਤੇ ਸੈਣ ਆਦਿ ਤੇ ਕਿਰਪਾ ਕਰ ਦਿਤੀ, ਭਾਵੇਂ ਉਹ ਨੀਚ ਜਾਤਿ ਦੇ ਸਨ। ਦੁਨੀਆਂ ਨੂੰ, ਇਨ੍ਹਾਂ ਸਾਰਿਆਂ ਭਗਤਾਂ ਨੂੰ, ਨਮਸਕਾਰ ਕਰਨੀ ਪਈ - 'ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।। ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।।', ਪੰਨਾ ੧੧੦੬.

**ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ॥੨॥੧੫॥੧੦੧॥**

-- ਪੰਜਵੇਂ ਨਾਨਕ, ਆਪਣੇ ਆਪ ਨੂੰ ਪ੍ਰਭੂ ਦਾ ਦਾਸ ਦਸਦੇ ਹੋਏ ਪ੍ਰਭੂ ਤੋਂ ਇਹੀ ਦਾਨ ਮੰਗਦੇ ਹਨ ਕਿ ਤੂੰ ਕਦੇ ਵੀ ਮੇਰੇ ਮਨ ਨੂੰ ਨਾ ਭੁਲੇਂ। ਭਾਵ

ਮੈਂ ਸਦਾ ਹੀ ਹਿਰਦੇ ਵਿਚ ਤੇਰਾ ਨਾਮ ਸਿਮਰਦਾ ਰਹਾਂ।੨।੧੫।੧੦੧।

ਪਾਤਸ਼ਾਹ ਬੇਨਤੀ ਕਰਦੇ ਹਨ ਕਿ ਅਜਿਹੇ ਉਪਰ ਦਸੇ ਪ੍ਰਭੂ ਨੂੰ, ਜੋ ਸਦਾ ਹੀ ਭਗਤਾਂ ਦੇ ਨਾਲ ਵਸਦਾ ਹੈ ਅਤੇ ਸਦਾ ਤੋਂ ਹੀ ਭਗਤਾਂ ਦੀ ਪੈਜ ਰਖਦਾ ਆਇਆ ਹੈ, ਮੈਂ ਕਦੇ ਨਾ ਭੁਲਾਂ।

ਬੇਨਤੀ ਰੂਪ ਬਚਨ ਹਨ ਕਿ ਵਾਹਗੁਰੂ ਮਾਲਕ ਹੈ, ਸਭ ਕਰਣ ਕਾਰਣ ਹੈ, ਉਸ ਦੀ ਸਿਫ਼ਤ ਸਲਾਹ ਦਾ ਕੋਈ ਅੰਤ ਪਾਰਾਵਾਰ ਨਹੀਂ। ਬਸ, ਇਕੋ ਦਾਨ ਲੈਣ ਲਈ ਦਾਸ ਇਹ ਬੇਨਤੀ ਕਰਦਾ ਹੈ ਕਿ ਹੇ ਵਾਹਿਗੁਰੂ ! ਤੂੰ ਮੈਨੂੰ ਕਦੇ ਨਾ ਭੁਲੇਂ - 'ਸਭ ਕਿਛੁ ਤੇਰਾ ਤੂੰ ਕਰਣੈਹਾਰੁ।। ਅੰਤੁ ਨਾਹੀ ਕਿਛੁ ਪਾਰਾਵਾਰੁ।। ਦਾਸ ਅਪਨੇ ਕਉ ਦੀਜੈ ਦਾਨੁ।। ਕਬਹੂ ਨ ਵਿਸਰੈ ਨਾਨਕ ਨਾਮੁ।।', ਪੰਨਾ ੧੭੮.
'ਹੇ ਪਰ੍ਹਾਂ ਤੋਂ ਪਰ੍ਹਾਂ ਵਾਹਗੁਰੂ ! ਤੂੰ ਹੈ ਵੀ ਹੈਂ ਤੇ ਸਦਾ ਵੀ ਹੋਏਂਗਾ, ਹੇ ਸੰਤ ਜਨਾਂ ਦੇ ਸਦਾ ਸੰਗ ਰਹਿਣ ਵਾਲੇ, ਨਿਰ-ਆਧਾਰਾਂ ਦੇ ਆਧਾਰ ! ਹੇ ਦਾਸਾਂ ਦੇ ਸੁਆਮੀ ! ਮੈਂ ਤੇਰਾ ਦਾਸ ਹਾਂ, ਮੇਰੇ ਵਿਚ ਕੋਈ ਗੁਣ ਨਹੀਂ, ਫ਼ਿਰ ਵੀ ਮੈਨੂੰ ਆਪਣੇ ਨਾਮ ਦਾ ਦਾਨ ਦੇ ਅਤੇ ਮੈਂ ਇਸ ਦਾਨ ਨੂੰ ਆਪਣੇ ਹਿਰਦੇ ਵਿਚ ਪਰੋ ਕੇ ਰਖਾਂ' - 'ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।। ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ।। ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।। ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।।', ਪੰਨਾ ੨੬੨.

ਜਿਨ੍ਹਾਂ ਤੇ ਪ੍ਰਭੂ ਦਇਆਲ ਹੋ ਜਾਂਦਾ ਹੈ ਉਨ੍ਹਾਂ ਨੂੰ ਆਪਣੇ ਸਾਧੂ ਦਾ ਮਿਲਾਪ ਬਖ਼ਸ਼ ਦਿੰਦਾ ਹੈ। ਉਹੀ ਜਨ ਵਾਹਿਗੁਰੂ ਦਾ ਅੰਮ੍ਰਿਤਮਈ ਨਾਮ ਜਪ ਲੈਂਦੇ ਹਨ। ਬੇਨਤੀ ਹੈ, ਵਾਹਗੁਰੂ ਮੈਨੂੰ ਆਪਣੇ ਨਾਮ ਦਾ ਦਾਨ ਬਖ਼ਸ਼ ! ਤੂੰ ਮੈਨੂੰ ਕਦੇ ਨਾ ਭੁਲੇਂ ਅਤੇ ਮੈਂ ਦਿਨ ਰਾਤ ਤੇਰੇ ਗੁਣਾਂ ਨੂੰ ਚੇਤੇ ਕਰਦਾ ਰਹਾਂ, ਇਹੀ ਮੇਰੇ ਮਨ ਦਾ ਚਾਅ ਹੈ - 'ਜਿਨ੍ ਕਉ ਭਏ ਦਇਆਲ ਤਿਨ੍ ਸਾਧੂ ਸੰਗੁ ਭਇਆ।। ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹੀ ਜਨੀ ਜਪਿ ਲਇਆ।।.. ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ।। ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ।।', ਪੰਨਾ ੭੬੨.